ਆਪਣੇ ਐੱਸ.ਟੀ.ਆਈ. ਦੇ ਨਤੀਜੇ ਹੈਲਥ ਗੇਟਵੇ ਤੋਂ ਆਨ ਲਾਈਨ ਲਵੋ
Get your STI results online in Health Gateway

ਹੈਲਥ ਗੇਟਵੇ ਤੁਹਾਡੇ ਬੀ.ਸੀ. ਹੈਲਥ ਦੇ ਸਾਰੇ ਰਿਕਾਰਡਾਂ ਤੱਕ ਸੁਰੱਖਿਅਤ ਅਤੇ ਆਸਾਨ ਪਹੁੰਚ ਤੁਹਾਨੂੰ ਇੱਕ ਜਗ੍ਹਾ ਤੇ ਪ੍ਰਦਾਨ ਕਰਦਾ ਹੈ। ਤੁਸੀਂ ਇਸ ਦੀ ਵਰਤੋਂ ਕਰ ਕੇ ਆਪਣੇ ਇਲਾਜਾਂ ਦਾ ਇਤਿਹਾਸ, ਇਮਿਊਨਾਈਜ਼ੇਸ਼ਨ ਦਾ ਰਿਕਾਰਡ, ਸਿਹਤ ਸਬੰਧੀ ਮੁਲਾਕਾਤਾਂ ਅਤੇ ਲੈਬ ਟੈੱਸਟਾਂ ਸਮੇਤ ਸੈਕਸ ਰਾਹੀਂ ਫੈਲਣ ਵਾਲੀਆਂ ਇਨਫੈਕਸ਼ਣਾਂ (STIs) ਦੇ ਨਤੀਜੇ ਦੇਖ ਸਕਦੇ ਹੋ।
ਇਸ ਕਿਤਾਬਚੇ ਵਿਚ ਵਿਸਤ੍ਰਿਤ ਜਾਣਕਾਰੀ ਇਨ੍ਹਾਂ ਵਿਸ਼ਿਆਂ ਬਾਰੇ ਦਿੱਤੀ ਗਈ ਹੈ:

- ਆਪਣੇ ਹੈਲਥ ਗੇਟਵੇ ਖਾਤੇ ਵਿਚ ਆਪਣੇ ਐੱਸ.ਟੀ.ਆਈ. ਟੈੱਸਟ ਦੇ ਨਤੀਜੇ ਕਿਵੇਂ ਵੇਖਣੇ ਹਨ ਅਤੇ
- ਇਹ ਸਮਝਣਾ ਕਿ ਵੱਖ ਵੱਖ ਨਤੀਜਿਆਂ ਦਾ ਕੀ ਮਤਲਬ ਹੈ।

ਪਹਿਲਾਂ ਬੀ.ਸੀ. ਸਰਵਿਸਿਜ਼ ਆਈ.ਡੀ. ਅਤੇ ਹੈਲਥ ਗੇਟਵੇ ਦਾ ਖਾਤਾ/ਅਕਾਊਂਟ ਬਣਾਓ
First, set up your BC Services ID and Health Gateway account

ਆਪਣਾ ਖਾਤਾ ਬਣਾਉਣ ਲਈ ਤੁਹਾਨੂੰ ਬੀ.ਸੀ. ਸਰਵਿਸਿਜ਼ ਕਾਰਡ ਦੀ ਜ਼ਰੂਰਤ ਹੋਵੇਗੀ।

ਇਹ ਤੁਹਾਡਾ ਇੱਕ ਹੋਰ ਡਿਜੀਟਲ ਪਹਿਚਾਣ ਪੱਤਰ ਹੈ ਜੋ ਬੀ.ਸੀ. ਸਰਕਾਰ ਦੀਆਂ ਆਣ ਲਾਈਨ ਸੇਵਾਵਾਂ ਜਿਵੇਂ ਕਿ ਹੈਲਥ ਗੇਟਵੇ ਲਈ ਤੁਹਾਡੀ ਪਹਿਚਾਣ ਸਥਾਪਿਤ ਕਰੇਗਾ।

ਜੇ ਤੁਹਾਡੇ ਕੋਲ ਬੀ.ਸੀ. ਸਰਵਿਸਿਜ਼ ਕਾਰਡ ਆਈ.ਡੀ. ਤਿਆਰ ਹੈ ਤਾਂ ਤੁਸੀਂ ਹੈਲਥ ਗੇਟਵੇ ਅਕਾਊਂਟ ਸੈਟਅੱਪ ਕਰ ਸਕਦੇ ਹੋ।

ਅਗਲਾ ਕਦਮ, ਆਪਣੇ ਲੈਬ ਦੇ ਨਤੀਜੇ ਪਤਾ ਕਰਨੇ Next, find your lab results

ਪਹਿਲਾ ਕਦਮ: ਹੈਲਥ ਗੇਟਵੇ ਨੂੰ ਲਾਗ-ਇਨ ਕਰੋ Step 1: Log in to Health Gateway

ਵਿਕਲਪ 1: ਹੈਲਥ ਗੇਟਵੇ ਵੈੱਬਸਾਈਟ ਵਰਤੋ
Option 1: Use the Health Gateway website

ਆਪਣੇ ਬੀ.ਸੀ. ਸਰਵਿਸਿਜ਼ ਕਾਰਡ ਆਈ.ਡੀ. ਨਾਲ ਲਾਗ-ਇਨ ਕਰੋ।
'ਹੋਮ' ਟੈਬ ਤੋਂ ਸਿਹਤ ਰਿਕਾਡ ਦੇ ਵਿਕਲਪ ਦੀ ਚੋਣ ਕਰੋ।



ਵਿਕਲਪ 2: ਬੀ.ਸੀ. ਸਰਵਿਸਿਜ਼ ਕਾਰਡ ਦੀ ਐਪ ਵਰਤੋ
Option 2: Use the BC Services Card App

ਐਪ ਖੋਲ੍ਹੋ ਅਤੇ ਸਕ੍ਰੀਨ ਦੇ ਹੇਠਾਂ ਮੀਨੋ ਵਿਚੋਂ 'ਸਰਵਿਸਿਜ਼' ਚੁਣੋ।

'ਹੈਲਥ ਗੇਟਵੇ' ਚੁਣੋ ਅਤੇ ਅੱਗੇ 'ਜਾਰੀ' ਰੱਖੋ।



ਦੂਜਾ ਕਦਮ: ਫ਼ਿਲਟਰ Step 2: Filter

ਹੁਣ ਤੁਸੀਂ 'ਸਮੇਂ ਦੀ ਤਰਤੀਬ' ਨਾਲ ਸਿਹਤ ਦੇ ਰਿਕਾਰਡ ਦੀ ਸੂਚੀ ਦੇਖ ਰਹੇ ਹੋ।

- 'ਫ਼ਿਲਟਰ' ਵਾਲਾ ਬਟਨ/ਟੂਲ ਦਬਾਓ
- ਹੁਣ 'ਲੈਬ ਨਤੀਜੇ' ਨੂੰ ਨਿਸ਼ਾਨ ਲਗਾਓ



ਤੀਜਾ ਕਦਮ: ਆਪਣੇ ਨਤੀਜੇ ਲੱਭੋ Step 3: Find your results

ਜਿਸ ਦਿਨ ਤੁਸੀਂ ਸੈਂਪਲ ਦਿੱਤੇ ਸਣ ਉਸ ਦਿਨ ਦੇ ਲੈਬ ਨਤੀਜੇ ਲੱਭੋ

ਚੌਥਾ ਕਦਮ: ਆਪਣੇ ਨਤੀਜੇ ਚੈੱਕ ਕਰੋ Step 4: Check your results

ਇਸ ਪੰਨੇ ਤੇ ਟੈੱਸਟ ਦਾ ਨਾਮ, ਨਤੀਜੇ ਅਤੇ ਹਾਲਤ ਦਿਖਾਈ ਜਾਂਦੀ ਹੈ। ਨਤੀਜੇ ਵਾਲੇ ਕਾਲਮ ਵਿਚ ਇਹ ਲਿਖਿਆ ਹੋਵੇਗਾ:

ਸੀਮਾ ਵਿਚ: ਇਸ ਦਾ *ਆਮ ਤੌਰ* ਤੇ ਮਤਲਬ ਹੈ ਕਿ ਨਤੀਜਾ ਜਿਵੇਂ ਉਮੀਦ ਸੀ ਆਮ ਵਰਗਾ ਹੈ ਜਾਂ ਜੇ ਇਨਫ਼ੈਕਸ਼ਨ ਬਾਰੇ ਹੈ ਤਾਂ ਨਕਾਰਤਮਿਕ (ਨੈਗੇਟਿਵ) ਹੋਵੇਗਾ। **ਜਾਂ**

ਸੀਮਾ ਤੋਂ ਬਾਹਰ: ਇਸ ਦਾ *ਆਮ ਤੌਰ* ਤੇ ਮਤਲਬ ਹੈ ਕਿ ਨਤੀਜਾ ਆਮ ਸੰਭਾਵਨਾ ਦੀ ਸੀਮਾ ਤੋਂ ਬਾਹਰ ਹੈ ਜਾਂ ਜੇ ਇਨਫ਼ੈਕਸ਼ਨ ਬਾਰੇ ਹੈ ਤਾਂ ਇਸ ਦਾ ਮਤਲਬ ਇਨਫ਼ੈਕਸ਼ਨ (ਪਾਜ਼ਿਟਿਵ) ਹੈ।

ਜੇ ਤੁਸੀਂ 'ਸਾਰੀ ਰਿਪੋਰਟ ਡਾਊਨਲੋਡ' ਦੀ ਚੋਣ ਕਰੋ ਤਾਂ ਤੁਸੀਂ ਲੈਬ ਦੇ ਨਤੀਜਿਆਂ ਦਾ ਜ਼ਿਆਦਾ ਖੁਲਾਸਾ ਦੇਖ ਸਕਦੇ ਹੋ।



ਲੈਬ ਦੇ ਨਤੀਜਿਆਂ ਨੂੰ ਸਮਝਣਾ Understanding your lab results

ਟੈਸਟ ਦੇ ਨਤੀਜੇ ਸਿਰਫ ਇਹ ਦੱਸਣਗੇ ਕਿ ਕੀ ਟੈੱਸਟ ਲੈਣ ਸਮੇਂ ਤੁਹਾਨੂੰ ਇਨਫ਼ੈਕਸ਼ਨ ਸੀ।

ਬਹੁਤ ਪਹਿਲਾਂ ਲਿਆ ਟੈੱਸਟ ਸ਼ਾਇਦ ਠੀਕ ਨਾ ਹੋਵੇ। ਬੇਸ਼ੱਕ ਤੁਹਾਡਾ ਨਤੀਜਾ ਨੈਗੇਟਿਵ ਜਾਂ ਪ੍ਰਤਿਕ੍ਰਿਆਸ਼ੀਲ ਨਾ ਹੋਵੇ, ਸੈਕਸ ਨਾਲ ਫ਼ੈਲਣ ਵਾਲੀ ਇਨਫ਼ੈਕਸ਼ਨ ਦੇ ਟੈੱਸਟ ਲਈ ਸ਼ਾਇਦ ਇਹ ਬਹੁਤ ਜਲਦੀ ਹੋਵੇਗਾ। ਤੁਹਾਨੂੰ ਸ਼ਾਇਦ ਦੁਬਾਰਾ ਟੈੱਸਟ ਕਰਵਾਉਣਾ ਪਵੇ।

- ਟੈੱਸਟ ਲਈ ਠੀਕ ਸਮੇਂ (window period) ਬਾਰੇ ਜਾਣੋ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਇਨਫ਼ੈਕਸਨ ਹੈ ਜਾਂ ਜੇ ਤੁਸੀਂ ਜਾਂ ਤੁਹਾਡੇ ਸਾਥੀ ਕਿਸੇ ਨਵੇਂ ਜਾਂ ਆਮ ਸਾਥੀਆਂ ਨਾਲ ਸੈੱਕਸ ਕਰਦੇ ਹੋ ਤਾਂ ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਆਪਣਾ ਟੈੱਸਟ ਲਗਾਤਾਰ ਕਰਵਾਉਂਦੇ ਰਹੋ।

- ਸਾਡੀ ਵੈੱਬਸਾਈਟ ਤੋਂ ਐੱਸ.ਟੀ.ਆਈ. ਦੇ ਟੈੱਸਟਾਂ ਅਤੇ ਨਤੀਜਿਆਂ (STI testing and results) ਬਾਰੇ ਹੋਰ ਜਾਣਕਾਰੀ ਲਵੋ।

ਹੇਠਾਂ ਦਿੱਤੇ ਟੇਬਲ ਤੋਂ ਤੁਹਾਨੂੰ ਇਹ ਸਮਝਣ ਵਿਚ ਮਦਦ ਮਿਲੇਗੀ ਕਿ ਵੱਖ ਵੱਖ ਟੈੱਸਟਾਂ ਦਾ ਕੀ ਮਤਲਬ ਹੈ। ਜੇ ਤੁਹਾਨੂੰ ਲੈਬ ਦੇ ਨਤੀਜਿਆਂ ਨੂੰ ਸਮਝਣ ਲਈ ਹੋਰ ਮਦਦ ਦੀ ਲੋੜ ਹੈ ਤਾਂ ਆਪਣੀ ਸਿਹਤ ਸੰਭਾਲ ਕਰਨ ਵਾਲੇ ਨੂੰ ਸੰਪਰਕ ਕਰੋ ਜਿਸ ਨੇ ਤੁਹਾਨੂੰ ਟੈੱਸਟ ਕਰਵਾਉਣ ਲਈ ਭੇਜਿਆ।

ਲੈਬ ਦੇ ਨਤੀਜੇ Lab Result	ਇਨ੍ਹਾਂ ਦਾ ਕੀ ਮਤਲਬ ਹੈ? What does it mean?
ਪਾਜ਼ਿਟਵ Positive	ਤੁਹਾਨੂੰ ਐੱਸ.ਟੀ.ਆਈ. ਇਨਫ਼ੈਸਨ ਹੈ ਅਤੇ ਇਲਾਜ ਦੀ ਜਾਂ ਫ਼ਾਲੋ-ਅੱਪ ਲੋੜ ਹੈ।
ਨੈਗੇਟਿਵ Negative	ਟੈੱਸਟ ਵਿਚ ਐੱਸ.ਟੀ.ਆਈ. ਨਹੀਂ ਮਿਲਿਆ।
ਪ੍ਰਤਿਕ੍ਰਿਆਸ਼ੀਲ Reactive	ਇਹ ਪਾਜ਼ਿਟਿਵ ਕਹਿਣ ਦਾ ਦੂਜਾ ਤਰੀਕਾ ਹੈ, ਪਰ ਇਸ ਦੇ ਹੋਰ ਕਈ ਮਤਲਬ ਹੋ ਸਕਦੇ ਹਨ ਜਿਨ੍ਹਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ: • ਤੁਹਾਨੂੰ ਐੱਸ.ਟੀ.ਆਈ. ਹੈ; • ਤੁਹਾਡਾ ਪਹਿਲਾਂ ਐੱਸ.ਟੀ.ਆਈ. ਕਾਰਨ ਇਲਾਜ ਹੋਇਆ ਹੈ ਅਤੇ ਟੈੱਸਟ ਵਿਚ ਤੁਹਾਡੇ ਸਰੀਰ ਵਿਚ ਇਨਫ਼ੈਸਨ ਦੀ ਪੁਰਾਣੀ ਯਾਦ ਦਾ ਪਤਾ ਲੱਗਾ ਹੈ; ਜਾਂ • ਇਸ ਇਨਫ਼ੈਕਸ਼ਨ ਬਾਰੇ ਤੁਹਾਨੂੰ ਪਹਿਲਾਂ ਹੀ ਵੈਕਸੀਨ ਮਿਲਿਆ ਹੋਇਆ ਹੈ ਅਤੇ ਤੁਸੀਂ ਇਮਿਊਨ ਹੋ। ਪ੍ਰਤਿਕ੍ਰਿਆਸ਼ੀਲਤਾ ਦਾ ਤੁਹਾਡੇ ਲਈ ਕੀ ਮਤਲਬ ਹੈ ਜੇ ਇਸ ਬਾਰੇ ਤੁਸੀਂ ਅਨਿਸ਼ਚਿਤ ਹੋ ਤਾਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਸੰਪਰਕ ਕਰੋ ਜਿਸ ਨੇ ਤੁਹਾਨੂੰ ਟੈਸਟਾਂ ਲਈ ਭੇਜਿਆ ਸੀ ਤਾਂਕਿ ਉਹ ਫੈਸਲਾ ਕਰ ਸਕੇ ਕਿ ਇਲਾਜ ਦੀ ਜਾਂ ਦੁਬਾਰਾ ਟੈੱਸਟਾਂ ਦੀ ਲੋੜ ਹੈ।
ਪ੍ਰਤਿਕ੍ਰਿਆਸ਼ੀਲ ਨਹੀਂ Non-Reactive	ਇਹ ਨੈਗਿਟਿਵ ਕਹਿਣ ਦਾ ਦੂਜਾ ਤਰੀਕਾ ਹੈ। ਇਸ ਦਾ ਆਮ ਤੌਰ ਤੇ ਮਤਲਬ ਹੁੰਦਾ ਹੈ ਕਿ ਤੁਹਾਡੇ ਵਿਚ ਉਹ ਇਨਫ਼ੈਕਸ਼ਨ ਨਹੀਂ ਅਤੇ ਪਹਿਲਾਂ ਕਦੇ ਇਸ ਦੇ ਸੰਪਰਕ ਵਿਚ ਨਹੀਂ ਆਏ। ਇਹ ਬੜਾ ਮਹੱਤਵਪੂਰਨ ਹੈ ਕਿ ਟੈੱਸਟ ਲਈ ਠੀਕ ਸਮੇਂ (window period) ਦਾ ਧਿਆਨ ਰੱਖਿਆ ਜਾਏ। ਇਹ ਉਹ ਸਮਾਂ ਹੈ ਕਿ ਜਦੋਂ ਤੁਸੀਂ ਇਨਫ਼ੈਕਸ਼ਨ ਦੇ ਸੰਪਰਕ ਵਿਚ ਆਏ ਅਤੇ ਕਦੋਂ ਇਹ ਟੈੱਸਟ ਲਈ ਦਿਖਾਈ ਦੇਵੇਗਾ। ਕੁੱਝ ਟੈੱਸਟਾਂ ਜਿਵੇਂ ਕਿ ਹੈਪਾਟਾਈਟਿਸ ਏ. ਅਤੇ ਹੈਪਾਟਾਈਟਿਸ ਬੀ. ਦੇ ਪ੍ਰਤਿਕ੍ਰਿਆਸ਼ੀਲ ਨਹੀਂ ਨਤੀਜੇ ਦਾ ਮਤਲਬ ਹੈ ਕਿ ਤੁਸੀਂ ਇਸ ਇਨਫ਼ੈਕਸ਼ਨ ਤੋਂ ਇਮਿਊਨ ਹੋ।

ਲੈਬ ਦਾ ਨਤੀਜਾ Lab Result	ਇਸ ਦਾ ਕੀ ਮਤਲਬ ਹੈ? What does it mean?
ਅਸਪਸ਼ਟ **Indeterminate**	ਟੈੱਸਟ ਤੋਂ ਕਾਫੀ ਜਾਣਕਾਰੀ ਨਹੀਂ ਮਿਲੀ ਕਿ ਨੈਗਿਟਿਵ ਜਾਂ ਪਾਜ਼ਿਟਿਵ ਕਿਹਾ ਜਾਏ। ਤੁਹਾਨੂੰ ਕੁੱਝ ਹਫਤਿਆਂ ਬਾਅਦ ਦੁਬਾਰਾ ਟੈੱਸਟ ਲਈ ਕਿਹਾ ਜਾ ਸਕਦਾ ਹੈ ਅਤੇ ਇਲਾਜ ਦੀ ਪੇਸ਼ਕਸ਼ ਵੀ ਕੀਤੀ ਜਾ ਸਕਦੀ ਹੈ।
ਵਿਚਕਾਰਲਾ **Intermediate**	ਆਮ ਤੌਰ ਤੇ ਇਸ ਦਾ ਮਤਲਬ ਹੈ ਕਿ ਨਤੀਜਾ ਨੈਗੇਟਿਵ ਅਤੇ ਪਾਜ਼ਿਟਿਵ ਵਿਚਕਾਰ ਹੈ। ਇਹ ਸੰਭਾਵਨਾ ਹੈ ਕਿ ਤੁਹਾਨੂੰ ਇਲਾਜ ਦੀ ਪੇਸ਼ਕਸ਼ ਕੀਤੀ ਜਾਏ।
ਅਸਪਸ਼ਟ **Equivocal**	ਟੈੱਸਟ ਤੋਂ ਕਾਫੀ ਜਾਣਕਾਰੀ ਨਹੀਂ ਮਿਲੀ ਕਿ ਨੈਗਿਟਿਵ ਜਾਂ ਪਾਜ਼ਿਟਿਵ ਕਿਹਾ ਜਾਏ। ਤੁਹਾਨੂੰ ਕੁੱਝ ਹਫਤਿਆਂ ਬਾਅਦ ਦੁਬਾਰਾ ਟੈੱਸਟ ਲਈ ਕਿਹਾ ਜਾ ਸਕਦਾ ਹੈ ਅਤੇ ਇਲਾਜ ਦੀ ਪੇਸ਼ਕਸ਼ ਵੀ ਕੀਤੀ ਜਾ ਸਕਦੀ ਹੈ।
ਨੰਬਰ ਜਾਂ ਅਨੁਪਾਤ (ਜਿਵੇਂ >10 ਜਾਂ 1:32) **A number or ratio (like >10 or 1:32)**	ਆਮ ਤੌਰ ਤੇ ਨੰਬਰਾਂ ਵਾਲੇ ਨਤੀਜਿਆਂ ਦਾ ਮਤਲਬ ਡਾਕਟਰ ਹੀ ਸਮਝਾ ਸਕਦਾ ਹੈ। ਜੇ ਤੁਹਾਨੂੰ ਨਤੀਜਿਆਂ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਤਾਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਸੰਪਰਕ ਕਰੋ ਜਿਸ ਨੇ ਟੈੱਸਟਾਂ ਲਈ ਭੇਜਿਆ ਸੀ ਕਿ ਪਤਾ ਕਰੇ ਦੁਬਾਰਾ ਟੈੱਸਟਾਂ ਦੀ ਜਾਂ ਕਿ ਇਲਾਜ ਦੀ ਲੋੜ ਹੈ।

ਸਰੋਤ Resources

BC Services Card website: ਬੀ.ਸੀ. ਸਰਵਿਸਿਜ਼ ਕਾਰਡ ਦਾ ਖਾਤਾ ਖੋਲ੍ਹਣ ਲਈ ਜਾਣਕਾਰੀ

Health Gateway website: ਬੀ.ਸੀ. ਸਰਵਿਸਿਜ਼ ਕਾਰਡ ਦਾ ਖਾਤਾ ਖੋਲ੍ਹਣ ਤੋਂ ਬਾਅਦ ਲਾਗ-ਇਨ ਕਰਨ ਲਈ

SmartSexResource STI & Testing webpage

SmartSexResource Window Period information